# एशियन कॉलेज ऑफ एजुकेशन का रिजल्ट बेहतर

**जेएनएन, पटियाला :** पंजाबी यूनिवर्सिटी पटियाला की तरफ से घोषित किए गए बीएड समेस्टर पहला के नतीजों में एशियन कालेज ऑफ एजूकेशन के विद्यार्थियों का नतीजा 100 प्रतिशत रहा। कॉलेज की छात्रा कर्मजीत कौर ने 82.6 प्रतिशत, लाडविंदर कौर और गगनदीप कौर 79.8 प्रतिशत और मनप्रीत कौर और रुपिन्दर कौर ने 78.8 प्रतिशत अंक हासिल करके कॉलेज में से क्रमवार पहला, दूसरा और तीसरा स्थान हासिल किया। इसके अलावा 15 विद्यार्थियों के 75 प्रतिशत से अधिक और 31 विद्यार्थियों के 70 प्रतिशत से अधिक और बाकी विद्यार्थियों ने लगभग 70 प्रतिशत अंक हासिल करके कॉलेज का नाम रोशन किया। संस्था के चेयरमैन



अच्छे अंक प्राप्त करने पर विद्यार्थियों का मुंह मीठा करवाते हुए चेयरमैन तरसेम सैनी व अन्य।

तरसेम सैणी, डायरेक्टर डॉ. इंदरजीत सिंह, कार्यकारी प्रिंसिपल बेबी कौर, वाइस प्रिंसिपल डॉ. मीनू सिंह और पीएस टू चेयरमैन अंजू सिंह आदि ने विद्यार्थियों को बधाई दी। इस मौके पर असिस्टेंट प्रो. जतिंदर सिंह, अनिका खन्ना, दिव्या कालरा, कमलजीत कौर आदि भी मौजूद रहे।



ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਸੰਸਥਾ ਦੇ ਚੇਅਰਮੈਨ ਤਰਸੇਮ ਸੈਣੀ ਅਤੇ ਹੋਰ ਅਧਿਕਾਰੀ। (ਜੋਸਨ)

# ਅਧਿਆਪਕ ਯੋਗਤਾ ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ

ਪਟਿਆਲਾ, 9 ਮਈ (ਜੋਸਨ)-ਏਸ਼ੀਅਨ ਕਾਲਜ ਆਫ ਐਜੂਕੇਸ਼ਨ ਦੇ 13 ਵਿਦਿਆਰਥੀਆਂ ਨੇ ਪੰਜਾਬ ਸਰਕਾਰ ਦੁਆਰਾ ਅਧਿਆਪਕ ਬਣਨ ਲਈ ਨਿਰਧਾਰਤ ਕੀਤੀ ਯੋਗਤਾ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਪਾਸ ਕਰ ਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ। ਏਸ਼ੀਅਨ ਗਰੁੱਪ ਆਫ ਕਾਲਜ ਦੇ ਚੇਅਰਮੈਨ ਤਰਸੇਮ ਸੈਣੀ ਨੇ ਇਨ੍ਹਾਂ ਅਧਿਆਪਕਾਂ ਨੂੰ ਸਨਮਾਨਤ ਕੀਤਾ। ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਟੈਸਟ ਪਾਸ ਕਰਨਾ ਵਿਦਿਆਰਥੀਆਂ ਲਈ ਬਹੁਤ ਵੱਡੀ ਉਪਲਬਧੀ ਹੈ, ਜੋ ਉਨ੍ਹਾਂ ਦੇ ਆਉਣ ਵਾਲੇ ਭਵਿੱਖ ਨੂੰ ਹੋਰ ਵੀ ਰੁਸ਼ਨਾਵੇਗੀ। ਸੰਸਥਾ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਨੇ ਕਿਹਾ ਕਿ ਇਸ ਟੈਸਟ ਨੂੰ ਪਾਸ ਕਰਨ ਪਿੱਛੇ ਜਿਥੇ ਵਿਦਿਅਰਥੀਆਂ ਦੀ ਅਣਥੱਕ ਮਿਹਨਤ ਹੈ, ਉਥੇ ਹੀ ਅਧਿਆਪਕਾਂ ਵੱਲੋਂ ਇਸ ਟੈਸਟ ਲਈ ਖਾਸ ਤੌਰ 'ਤੇ ਮੁਫਤ ਕਰਵਾਈ ਜਾਂਦੀ ਤਿਆਰੀ ਵੀ ਪ੍ਰਸ਼ੰਸਾਯੋਗ ਗੱਲ ਹੈ। ਇਸ ਲਈ ਸਾਰੇ ਹੀ ਵਧਾਈ ਦੇ ਪਾਤਰ ਹਨ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਮੀਨੂੰ ਸਿੰਘ ਸੱਚਾਨ, ਕਾਰਜਕਾਰੀ ਪ੍ਰਿੰਸੀਪਲ ਬੇਬੀ ਕੌਰ, ਦਿਵਯਾ ਕਾਲਰਾ, ਹਰੀਕ੍ਰਿਸ਼ਨ ਤੇ ਕਿਰਨਇੰਦਰ ਸਿੰਘ ਆਦਿ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਮੂੰਹ ਮਿਠਾ ਕਰਵਾਉਂਦੇ ਹੋਏ ਚੇਅਰਮੈਨ ਤਰਸੇਮ ਸੈਣੀ, ਨਾਲ ਹੋਰ। (ਜੋਸਨ)

# ਏਸ਼ੀਅਨ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ

ਪਟਿਆਲਾ, 14 ਜੁਲਾਈ (ਜੋਸਨ)– ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ. ਐੱਡ. ਸਮੈਸਟਰ ਪਹਿਲਾ ਦੇ ਨਤੀਜੇ ਵਿਚ ਏਸ਼ੀਅਨ ਕਾਲਜ ਆਫ਼ ਐਜੂਕੇਸ਼ਨ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੀ ਵਿਦਿਆਰਥਣ ਕਰਮਜੀਤ ਕੌਰ ਨੇ 82.6 ਫੀਸਦੀ, ਲਾਡਵਿੰਦਰ ਕੌਰ ਅਤੇ ਗਗਨਦੀਪ ਕੌਰ 79.8 ਫੀਸਦੀ ਅਤੇ ਮਨਪ੍ਰੀਤ ਕੌਰ ਤੇ ਰੁਪਿੰਦਰ ਕੌਰ ਨੇ 78.8 ਫੀਸਦੀ ਅੰਕ ਹਾਸਲ ਕਰ ਕੇ ਕਾਲਜ ਵਿਚੋਂ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਇਸ ਤੋਂ ਇਲਾਵਾ 15 ਵਿਦਿਆਰਥੀਆਂ ਦੇ 75 ਫੀਸਦੀ ਤੋਂ ਵੱਧ ਤੇ 31 ਵਿਦਿਆਰਥੀਆਂ ਦੇ 70 ਫੀਸਦੀ ਤੋਂ ਉਪਰ ਤੇ ਬਾਕੀ ਵਿਦਿਆਰਥੀਆਂ ਨੇ ਲਗਭਗ 70 ਫੀਸਦੀ ਅੰਕ ਹਾਸਲ ਕਰ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ।

ਸੰਸਥਾ ਦੇ ਚੇਅਰਮੈਨ ਸਤਰਸੇਮ ਸੈਣੀ, ਡਾਇਰੈਕਟਰ ਡਾ. ਇੰਦਰਜੀਤ ਸਿੰਘ, ਕਾਰਜਕਾਰੀ ਪ੍ਰਿੰਸੀਪਲ ਬੇਬੀ ਕੌਰ, ਵਾਈਸ ਪ੍ਰਿੰਸੀਪਲ ਡਾ. ਮੀਨੂੰ ਸਿੰਘ ਸੱਚਾਨ ਅਤੇ ਪੀ. ਐੱਸ. ਟੂ. ਚੇਅਰਮੈਨ ਸ੍ਰੀਮਤੀ ਅੰਜੂ ਸਿੰਘ ਆਦਿ ਵੱਲੋਂ ਸਾਰੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ।

ਸੰਸਥਾ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਅਤੇ ਪ੍ਰਿੰ. ਸ੍ਰੀਮਤੀ ਬੇਬੀ ਕੌਰ ਨੇ ਵਿਦਿਆਰਥੀਆਂ ਨੂੰ ਅੱਗੇ ਤੋਂ ਵੀ ਵਧੀਆ ਰਿਜਲਟ ਲਿਆਉਣ ਦੇ ਲਈ ਪ੍ਰੇਰਿਤ ਕੀਤਾ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਜਤਿੰਦਰ ਸਿੰਘ, ਅਨਿਕਾ ਖੰਨਾ, ਦਿਵਯਾ ਕਾਲਰਾ, ਕਮਲਜੀਤ ਕੌਰ ਆਦਿ ਵੀ ਹਾਜ਼ਰ ਸਨ।